The Dudley Group
NHS Foundation Trust

**Information for patients after an epidural or spinal anaesthetic**

# ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਵਿੱਚ (ਏਪਿਡਿਊਰਲ) ਜਾਂ ਰੀੜ੍ਹ ਵਿੱਚ (ਸਪਾਇਨਲ) ਸੁੰਨ ਕਰਨ ਵਾਲੀ ਦਵਾਈ ਦੇ ਬਾਅਦ ਮਰੀਜ਼ਾਂ ਲਈ ਜਾਣਕਾਰੀ

## ਸਰਜਰੀ ਅਤੇ ਸੁੰਨ ਕਰਨ ਵਾਲੀਆਂ ਦਵਾਈਆਂ

ਮਰੀਜ਼ ਲਈ ਜਾਣਕਾਰੀ ਕਿਤਾਬਚਾ

**ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਵਿੱਚ (ਏਪਿਡਿਊਰਲ) ਜਾਂ ਰੀੜ੍ਹ ਵਿੱਚ (ਸਪਾਇਨਲ) ਸੁੰਨ ਕਰਨ ਵਾਲੀ ਦਵਾਈ ਦੇ ਬਾਅਦ ਮਰੀਜ਼ਾਂ ਲਈ ਜਾਣਕਾਰੀ**

ਜਣੇਪੇ ਅਤੇ/ਜਾਂ ਬੱਚੇ ਨੂੰ ਜਨਮ ਦੇਣ ਦੇ ਦੌਰਾਨ ਤੁਹਾਡੇ ਦਰਦ ਨੂੰ ਨਿਯੰਤ੍ਰਿਤ ਕਰਨ ਲਈ ਸ਼ਾਇਦ ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਵਿੱਚ ਜਾਂ ਰੀੜ੍ਹ ਵਿੱਚ ਸੁੰਨ ਕਰਨ ਵਾਲੀ ਦਵਾਈ ਦੀ ਵਰਤੋਂ ਕੀਤੀ ਗਈ ਹੋਵੇਗੀ। ਇਹ ਵੱਖਰੀਆਂ ਪਰ ਮਿਲਦੀਆਂ-ਜੁਲਦੀਆਂ ਤਕਨੀਕਾਂ ਹਨ।

ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ - ਇਸ ਤਕਨੀਕ ਵਿੱਚ, ਤੁਹਾਡੀ ਪਿੱਠ ਵਿੱਚ ਪਤਲੀ ਪਲਾਸਟਿਕ ਦੀ ਟਿਊਬ ਪਾਈ ਜਾਂਦੀ ਹੈ ਜਿਸਦੇ ਮਾਧਿਅਮ ਨਾਲ ਦਰਦ ਤੋਂ ਰਾਹਤ ਪਹੁੰਚਾਉਣ ਵਾਲੀਆਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ।

ਰੀੜ੍ਹ ਵਿੱਚ ਸੁੰਨ ਕਰਨ ਦੀ ਦਵਾਈ - ਜੇ ਤੁਹਾਡਾ ਸਿਜ਼ੇਰਿਅਨ ਸੈਕਸ਼ਨ ਹੋਇਆ ਸੀ ਜਾਂ ਆਪਰੇਟਿੰਗ ਥਿਏਟਰ ਵਿੱਚ ਤੁਹਾਡੇ ਕੋਈ ਆਪਰੇਸ਼ਨ ਕੀਤੇ ਗਏ ਸਨ, ਤਾਂ ਤੁਹਾਨੂੰ ਸ਼ਾਇਦ ਰੀੜ੍ਹ ਵਿੱਚ ਸੁੰਨ ਕਰਨ ਵਾਲੀ ਦਵਾਈ ਦਿੱਤੀ ਗਈ ਹੋਵੇਗੀ (ਸਰੀਰ ਦੇ ਹੇਠਲੇ ਅੱਧੇ ਹਿੱਸੇ ਨੂੰ ਸੁੰਨ ਕਰਨ ਲਈ ਪਿੱਠ ਵਿੱਚ ਲਗਾਇਆ ਜਾਣ ਵਾਲਾ ਟੀਕਾ)।

ਦੋਵਾਂ ਤਕਨੀਕਾਂ ਵਿੱਚ ਮਿਲਦੀਆਂ-ਜੁਲਦੀਆਂ ਜਟਿਲਤਾਵਾਂ ਹੁੰਦੀਆਂ ਹਨ। ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਵਿੱਚ ਪਾਈ ਗਈ ਟਿਊਬ ਜਾਂ ਰੀੜ੍ਹ ਵਿੱਚ ਲਗਾਏ ਗਏ ਟੀਕੇ ਦੇ ਬਾਅਦ ਜਟਿਲਤਾਵਾਂ ਵਿਰਲੀਆਂ ਪਰ ਮਹੱਤਵਪੂਰਨ ਹਨ। ਹਸਪਤਾਲ ਵਿੱਚ ਦਾਈਆਂ ਅਤੇ ਸੁੰਨ ਕਰਨ ਵਾਲੇ ਡਾਕਟਰ ਹਸਪਤਾਲ ਤੋਂ ਛੁੱਟੀ ਦਿੱਤੇ ਜਾਣ ਤਕ ਤੁਹਾਡੀ ਨਿਗਰਾਨੀ ਕਰਨਾ ਜਾਰੀ ਰੱਖਣਗੇ।

ਇਹ ਜਾਣਕਾਰੀ ਤੁਹਾਡੇ ਘਰ ਚਲੇ ਜਾਣ ਦੇ ਬਾਅਦ ਹੋਣ ਵਾਲੀਆਂ ਕਿਸੇ ਜਟਿਲਤਾਵਾਂ ਦੀ ਪਛਾਣ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਹੈ।

# ਸਿਰ ਦਰਦ

ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਵਿੱਚ ਟਿਊਬ ਪਾਏ ਜਾਣ/ਰੀੜ੍ਹ ਵਿੱਚ ਟੀਕਾ ਲਗਾਏ ਜਾਣ 'ਤੇ ਜਾਂ ਇਸਦੇ ਬਿਨਾਂ ਸਰਜਰੀ ਅਤੇ ਬੱਚੇ ਦੇ ਜਨਮ ਦੇ ਬਾਅਦ ਥੋੜ੍ਹਾ ਸਿਰ ਦਰਦ ਹੋਣਾ ਆਮ ਗੱਲ ਹੈ।

ਤੁਹਾਡੀ ਪਿੱਠ ਵਿੱਚ ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਵਿੱਚ ਟਿਊਬ ਪਾਏ ਗਏ/ਰੀੜ੍ਹ ਵਿੱਚ ਟੀਕਾ ਲਗਾਏ ਗਏ ਸਥਾਨ ਦੇ ਆਸਪਾਸ ਲਾਲੀ, ਸੋਜ਼ ਜਾਂ ਪੀਕ

ਬੁਖ਼ਾਰ

ਗਰਦਨ ਵਿੱਚ ਅਕੜਾਅ

ਤੁਹਾਡੀਆਂ ਲੱਤਾਂ ਵਿੱਚ ਅਹਿਸਾਸ ਅਤੇ/ਜਾਂ ਸ਼ਕਤੀ ਵਿੱਚ ਤਬਦੀਲੀ

ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਵਿੱਚ ਟਿਊਬ ਪਾਏ ਗਏ/ਰੀੜ੍ਹ ਵਿੱਚ ਟੀਕਾ ਲਗਾਏ ਗਏ ਸਥਾਨ ਦੇ ਆਸਪਾਸ ਦਰਮਿਆਨੇ ਤੋਂ ਲੈ ਕੇ ਤੀਬਰ ਤਕ ਨਵਾਂ ਸ਼ੁਰੂ ਹੋਇਆ ਦਰਦ

ਪਿਸ਼ਾਬ ਕਰਨ ਵਿੱਚ ਮੁਸ਼ਕਲ ਜਾਂ ਪਿਸ਼ਾਬ ਜਾਂ ਟੱਟੀ 'ਤੇ ਨਿਯੰਤ੍ਰਣ ਨਾ ਰਹਿਣਾ

ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਵਿੱਚ ਪਾਈ ਗਈ ਟਿਊਬ/ਰੀੜ੍ਹ ਵਿੱਚ ਲਗਾਏ ਟੀਕੇ ਤੋਂ ਪੈਦਾ ਹੋਈਆਂ ਇਹਨਾਂ ਗੰਭੀਰ ਜਟਿਲਤਾਵਾਂ ਦਾ ਤੁਰੰਤ ਇਲਾਜ ਕੀਤੇ ਜਾਣ ਦੀ ਲੋੜ ਹੁੰਦੀ ਹੈ ਇਸ ਲਈ ਜੇ ਤੁਹਾਨੂੰ ਇਹਨਾਂ ਵਿੱਚੋਂ ਕੋਈ ਵੀ ਲੱਛਣ ਹੈ, ਤਾਂ ਤੁਹਾਨੂੰ ਤੁਰੰਤ ਡਾਕਟਰੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।

ਸਭ ਤੋਂ ਨੇੜਲੇ ਐਕਸੀਡੈਂਟ ਅਤੇ ਸੰਕਟਕਾਲੀ ਵਿਭਾਗ ਵਿੱਚ ਜਾਓ

ਰਸੇਲਸ ਹਾਲ ਹਸਪਤਾਲ ਨੂੰ ਟੈਲੀਫ਼ੋਨ ਕਰੋ (01384 456111) ਅਤੇ ਜਣੇਪੇ ਸੰਬੰਧੀ ਸੁੰਨ ਕਰਨ ਵਾਲੇ ਡਾਕਟਰ (Obstetric Anaesthetist) ਨਾਲ ਗੱਲ ਕਰਵਾਉਣ ਲਈ ਕਹੋ।

ਇਹ ਦੱਸੋ ਕਿ ਤੁਹਾਨੂੰ ਹਾਲ ਵਿੱਚ ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਵਿੱਚ ਟਿਊਬ ਪਾਈ ਗਈ ਸੀ/ਰੀੜ੍ਹ ਵਿੱਚ ਟੀਕਾ ਲਗਾਇਆ ਗਿਆ ਸੀ ਅਤੇ ਇਹ ਸੂਚਨਾ ਆਪਣੇ ਨਾਲ ਲਿਆਓ।

ਕਦੇ-ਕਦੇ ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਵਿੱਚ ਟਿਊਬ ਪਾਏ ਜਾਣ/ਰੀੜ੍ਹ ਵਿੱਚ ਟੀਕਾ ਲਗਾਏ ਜਾਣ ਦੇ ਬਾਅਦ ਤੇਜ਼ ਸਿਰ ਦਰਦ ਹੁੰਦਾ ਹੈ। ਇਹ ਖ਼ਾਸ ਤੌਰ 'ਤੇ ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਜਾਂ ਰੀੜ੍ਹ ਵਿੱਚ ਸੁੰਨ ਕਰਨ ਵਾਲੀ ਦਵਾਈ ਲੈਣ ਦੇ ਇੱਕ ਦਿਨ ਤੋਂ ਲੈ ਕੇ ਇੱਕ ਹਫਤੇ ਦੇ ਵਿਚਕਾਰ ਹੁੰਦਾ ਹੈ। ਇਹ ਆਮ ਤੌਰ 'ਤੇ ਇੱਕ ਤੀਬਰ ਸਿਰ ਦਰਦ ਹੁੰਦਾ ਹੈ ਜੋ ਤੁਹਾਡੇ ਸਿਰ ਦੇ ਅੱਗੇ ਜਾਂ ਪਿੱਛੇ ਮਹਿਸੂਸ ਹੁੰਦਾ ਹੈ, ਜਿਸ ਵਿੱਚ ਲੇਟਣ ਨਾਲ ਸੁਧਾਰ ਹੁੰਦਾ ਹੈ ਅਤੇ ਜੋ ਬੈਠਣ ਜਾਂ ਖੜ੍ਹਨ 'ਤੇ ਬਦਤਰ ਹੋ ਜਾਂਦਾ ਹੈ। ਸਿਰ ਦਰਦ ਦੇ ਨਾਲ, ਤੁਹਾਨੂੰ ਗਰਦਨ ਵਿੱਚ ਦਰਦ, ਦਿਲ ਕੱਚਾ ਹੋਣਾ ਅਤੇ ਚਮਕੀਲੀਆਂ ਰੋਸ਼ਨੀਆਂ ਪ੍ਰਤੀ ਨਾਪਸੰਦਗੀ ਮਹਿਸੂਸ ਹੋ ਸਕਦੀ ਹੈ। ਇਹ ਇੰਨਾ ਤੀਬਰ ਹੋ ਸਕਦਾ ਹੈ ਕਿ ਇਹ ਤੁਹਾਨੂੰ ਆਮ ਗਤੀਵਿਧੀ ਕਰਨ ਤੋਂ ਰੋਕ ਸਕਦਾ ਹੈ।

ਸਿੱਧੇ ਲੇਟਣਾ ਅਤੇ ਦਰਦ ਤੋਂ ਰਾਹਤ ਪਹੁੰਚਾਉਣ ਵਾਲੀਆਂ ਸਧਾਰਨ ਦਵਾਈਆਂ (ਜਿਵੇਂ ਪੈਰਾਸੀਟਾਮੋਲ ਅਤੇ ਇਬੁਪ੍ਰੋਫਿਨ) ਲੈਣਾ ਸਹਾਇਕ ਹੋ ਸਕਦਾ ਹੈ। ਹੋ ਸਕਦਾ ਹੈ ਕਿ ਤੁਹਾਨੂੰ ਇਹਨਾਂ ਦੋਵਾਂ ਦਰਦ ਨਾਸ਼ਕ ਦਵਾਈਆਂ ਲੈਣ ਅਤੇ ਨਿਯਮਿਤ ਤੌਰ 'ਤੇ ਹਰ 6 ਘੰਟਿਆਂ ਬਾਅਦ ਲੈਣ ਦੀ ਲੋੜ ਪਵੇ। ਤੁਹਾਨੂੰ ਜ਼ਿਆਦਾ ਮਾਤਰਾ ਵਿੱਚ ਤਰਲ ਪਦਾਰਥ ਲੈਣੇ ਚਾਹੀਦੇ ਹਨ ਅਤੇ ਕਿਸੇ ਚੀਜ਼ ਨੂੰ ਚੁੱਕਣ ਜਾਂ ਮਿਹਨਤ ਕਰਨ ਤੋਂ ਬਚਣਾ ਚਾਹੀਦਾ ਹੈ। ਜੇ ਸਿਰ ਦਰਦ ਤੀਬਰ ਹੈ ਜਾਂ 24 ਘੰਟਿਆਂ ਦੇ ਬਾਅਦ ਇਸ ਵਿੱਚ ਸੁਧਾਰ ਨਹੀਂ ਹੁੰਦਾ, ਤਾਂ ਤੁਹਾਨੂੰ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ। ਤੁਹਾਨੂੰ ਭਰਤੀ ਕਰਨ ਦੀ ਲੋੜ ਪੈ ਸਕਦੀ ਹੈ ਅਤੇ ਤੁਹਾਡੀ ਪਿੱਠ ਵਿੱਚ ਟੀਕਾ ਲਗਾ ਕੇ ਇਲਾਜ ਕਰਨ ਦੀ ਲੋੜ ਹੋ ਸਕਦੀ ਹੈ।

# ਨਸ ਨੂੰ ਨੁਕਸਾਨ

ਬੱਚੇ ਨੂੰ ਜਨਮ ਦੇਣ ਦੇ ਬਾਅਦ ਨਸ ਨੂੰ ਥੋੜ੍ਹਾ ਨੁਕਸਾਨ ਪਹੁੰਚਣ ਦੇ ਨਤੀਜੇ-ਵੱਜੋਂ ਸੁੰਨ ਜਾਂ ਚੁੱਭਣ ਦੇ ਅਹਿਸਾਸ ਵਾਲੇ ਦਾਗ਼ ਪੈਣਾ ਆਮ ਗੱਲ ਹੈ। ਅਜਿਹਾ ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਜਾਂ ਰੀੜ੍ਹ ਵਿੱਚ ਸੁੰਨ ਕਰਨ ਵਾਲੀ ਦਵਾਈ ਦੇਣ ਦੇ ਕਾਰਨ ਹੋ ਸਕਦਾ ਹੈ ਪਰ ਅਜਿਹਾ ਆਮ ਤੌਰ 'ਤੇ ਜਣੇਪੇ ਦੇ ਦੌਰਾਨ ਨਵਜਾਤ ਬੱਚਿਆਂ ਦੇ ਸਿਰ ਦੁਆਰਾ ਨਸਾਂ 'ਤੇ ਪੈਣ ਵਾਲੇ ਦਬਾਉ, ਚੂਸਣ ਜਾਂ ਚਿਮਟੇ ਨਾਲ ਕਰਾਏ ਗਏ ਜਣੇਪੇ ਕਾਰਨ ਪੈਣ ਵਾਲੇ ਦਬਾਉ ਜਾਂ ਤਰਲ ਦੇ ਸਰੀਰ ਵਿੱਚ ਰਹਿ ਜਾਣ ਦੇ ਕਾਰਨ ਜ਼ਿਆਦਾ ਹੁੰਦਾ ਹੈ। ਇਹ ਆਮ ਤੌਰ 'ਤੇ 6 ਮਹੀਨਿਆਂ ਦੇ ਅੰਦਰ ਪੂਰੀ ਤਰ੍ਹਾਂ ਠੀਕ ਹੋ ਜਾਂਦਾ ਹੈ, ਪਰ ਹੋ ਸਕਦਾ ਹੈ ਕਿ ਕਦੇ-ਕਦੇ ਇਹ ਪੂਰੀ ਤਰ੍ਹਾਂ ਠੀਕ ਨਾ ਹੋਵੇ।

ਸਥਾਈ ਤੌਰ 'ਤੇ ਅਸਮਰਥ ਕਰਨ ਵਾਲਾ ਨਸ ਦਾ ਨੁਕਸਾਨ ਗੰਭੀਰ ਪਰ ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਵਿੱਚ ਟਿਊਬ ਪਵਾਉਣ/ਰੀੜ੍ਹ ਵਿੱਚ ਟੀਕਾ ਲਗਵਾਉਣ ਦੇ ਬਾਅਦ ਬਹੁਤ ਵਿਰਲੀ ਜਟਿਲਤਾ ਵੀ ਹੈ। ਇਹ ਅਕਸਰ ਰੀੜ੍ਹ ਦੇ ਅੰਦਰ ਖ਼ੂਨ ਵੱਗਣ ਦੀ ਲਾਗ (ਇਨਫੈਕਸ਼ਨ) ਦੁਆਰਾ ਪੈਦਾ ਹੁੰਦੀ ਹੈ।

## ਇਨਫੈਕਸ਼ਨ (ਲਾਗ)

ਬਹੁਤ ਹੀ ਵਿਰਲੇ ਮਾਮਲਿਆਂ ਵਿੱਚ ਉੱਥੇ ਕੋਈ ਲਾਗ ਪੈਦਾ ਹੋ ਸਕਦੀ ਹੈ ਜਿੱਥੇ ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਵਿੱਚ ਟਿਊਬ ਪਾਈ ਗਈ ਸੀ/ਰੀੜ੍ਹ ਵਿੱਚ ਟੀਕਾ ਲਗਾਇਆ ਗਿਆ ਸੀ। ਅਜਿਹਾ ਚਮੜੀ ਦੀ ਸਤ੍ਹਾ 'ਤੇ ਜਾਂ ਰੀੜ੍ਹ ਦੀ ਹੱਡੀ ਅਤੇ ਨਸਾਂ ਦੇ ਨੇੜੇ ਜ਼ਿਆਦਾ ਡੂੰਘੇ ਸਥਾਨ

ਵਿੱਚ ਹੋ ਸਕਦਾ ਹੈ। ਇਹ ਲਾਗ ਰੀੜ੍ਹ ਦੇ ਅੰਦਰ ਫੋੜੇ ਦੇ ਰੂਪ ਵਿੱਚ ਵਿਕਸਿਤ ਹੋ ਸਕਦੀ ਹੈ ਜੋ ਰੀੜ੍ਹ ਦੀ ਹੱਡੀ ਅਤੇ ਨਸਾਂ ਨੂੰ ਦਬਾ ਸਕਦਾ ਹੈ ਅਤੇ ਨੁਕਸਾਨ ਪਹੁੰਚਾ ਸਕਦਾ ਹੈ। ਇਸਦੇ ਲਈ ਤੁਰੰਤ ਐਂਟੀਬਾਇਓਟਿਕ ਦਵਾਈਆਂ ਨਾਲ ਇਲਾਜ ਅਤੇ ਕਦੇ-ਕਦੇ ਸਰਜਰੀ ਦੀ ਲੋੜ ਪੈਂਦੀ ਹੈ।

### ਖ਼ੂਨ ਵੱਗਣਾ

ਰੀੜ੍ਹ ਦੇ ਅੰਦਰ ਖ਼ੂਨ ਵੱਗਣ ਨਾਲ ਖ਼ੂਨ ਇਕੱਠਾ ਹੋ ਸਕਦਾ ਹੈ ਜਿਸਨੂੰ ਏਪਿਡਿਊਰਲ/ਸਪਾਈਨਲ ਹੀਮਾਟੋਮਾ ਕਿਹਾ ਜਾਂਦਾ ਹੈ। ਇਹ ਰੀੜ੍ਹ ਦੀ ਹੱਡੀ ਅਤੇ ਨਸਾਂ ਤੇ ਦਬਾਉ ਪਾ ਸਕਦਾ ਹੈ ਅਤੇ ਇਸ ਨਾਲ ਨੁਕਸਾਨ ਪਹੁੰਚ ਸਕਦਾ ਹੈ। ਇਹ ਹਾਲਤ ਬਹੁਤ ਵਿਰਲੀ ਹੈ; ਫੇਰ ਵੀ ਰੀੜ੍ਹ ਦੀ ਹੱਡੀ ਅਤੇ ਨਸਾਂ 'ਤੇ ਦਬਾਉ ਨੂੰ ਹਟਾਉਣ ਲਈ ਤੁਰੰਤ ਸਰਜਰੀ ਦੀ ਲੋੜ ਹੋ ਸਕਦੀ ਹੈ।

## ਘਰ ਵਿੱਚ ਕਿਸ ਗੱਲ ਦਾ ਧਿਆਨ ਰੱਖਣਾ ਹੈ

ਜਦੋਂ ਤੁਹਾਨੂੰ ਛੁੱਟੀ ਦੇ ਦਿੱਤੀ ਜਾਵੇ ਅਤੇ ਤੁਸੀਂ ਘਰ ਪਹੁੰਚ ਜਾਵੋ, ਤਾਂ ਇਹ ਮਹੱਤਵਪੂਰਨ ਹੈ ਕਿ ਤੁਹਾਨੂੰ ਉਹਨਾਂ ਲੱਛਣਾਂ ਦੀ ਜਾਣਕਾਰੀ ਹੋਵੇ ਜੋ ਇਹ ਸੰਕੇਤ ਦਿੰਦੇ ਹਨ ਕਿ ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਵਿੱਚ ਟਿਊਬ/ਰੀੜ੍ਹ ਵਿੱਚ ਟੀਕੇ ਕਰਕੇ ਕੋਈ ਜਟਿਲਤਾ ਹੋ ਸਕਦੀ ਹੈ।

ਇਹਨਾਂ ਵਿੱਚ ਸ਼ਾਮਲ ਹਨ:

## ਹੋਰ ਜਾਣਕਾਰੀ:

ਕਰੜੀ ਝਿੱਲੀ ਦੇ ਬਾਹਰ ਵਾਲੇ ਹਿੱਸੇ ਵਿੱਚ ਟਿਊਬ ਪਾਉਣ/ਰੀੜ੍ਹ ਵਿੱਚ ਟੀਕਾ ਲਗਾਣ ਬਾਰੇ ਵਾਧੂ ਜਾਣਕਾਰੀ ਰੋਇਲ ਕਾਲਜ ਆਫ ਅਨੇਸਥੇਸਿਸਟਸ ਦੀ ਵੈਬਸਾਈਟ www.rcoa.ac.uk 'ਤੇ 'information for patients' (ਮਰੀਜ਼ਾਂ ਲਈ ਜਾਣਕਾਰੀ) ਦੇ ਹੇਠਾਂ ਉਪਲਬਧ ਹੈ।

**This leaflet can be made available in large print, audio version and in other languages, please call 0800 073 0510.**

للحصول على هذه النشرة بحجم أكبر، وعلى شكل إصدار صوتي و بلغات أخرى، الرجاء الاتصال بالرقم 08000730510.

此宣传单可提供大字版本、音频版本和其它语言版本，请拨打电话：0800 073 0510。

Ulotka dostępna jest również w dużym druku, wersji audio lub w innym języku. W tym celu zadzwoń pod numer 0800 073 0510.

ਇਹ ਪਰਚਾ ਵੱਡੇ ਅੱਖਰਾਂ, ਬੋਲ ਕੇ ਰੀਕਾਰਡ ਕੀਤਾ ਹੋਇਆ ਅਤੇ ਦੂਸਰੀਆਂ ਭਾਸ਼ਾਵਾਂ ਵਿਚ ਵੀ ਪ੍ਰਾਪਤ ਹੋ ਸਕਦਾ ਹੈ, 0800 073 0510 ਤੇ ਫੋਨ ਕਰੋ ਜੀ।

Aceasta brosura poate fi pusa la dispozitie tiparita cu caractere mari, versiune audio sau in alte limbi, pentru acest lucru va rugam sunati la 0800 073 0510.

یہ کتابچہ آپ کو بڑے حروف کی لکھائی ، سمعی صورت اور دیگر زبانوں میں مہیا کیا جا سکتا ہے۔برائے مہربانی فون نمبر 08000730510پر رابطہ کریں۔